# ਰਿਟੇਲਰਾਂ ਲਈ ਬਿਹਤਰੀਨ ਅਭਿਆਸਾਂ ਦੀ ਗਾਈਡ

ਓਰੇਗਨ ਦਾ ਤੰਬਾਕੂ ਰਿਟੇਲ ਲਾਇਸੈਂਸ (TRL) ਪ੍ਰੋਗਰਾਮ ਇਹ ਯਕੀਨੀ ਬਣਾਉਣ ਲਈ ਸਾਲਾਨਾ ਨਿਰੀਖਣ ਕਰਦਾ ਹੈ ਕਿ ਵਪਾਰਕ ਤੰਬਾਕੂ ਰਿਟੇਲਰ ਸਟੇਟ ਅਤੇ ਸੰਘੀ ਤੰਬਾਕੂ ਵਿਕਰੀ ਕਾਨੂੰਨਾਂ ਦਾ ਪਾਲਣ ਕਰ ਰਹੇ ਹਨ। ਇਹ ਗਾਈਡ ਰਿਟੇਲਰਾਂ ਅਤੇ ਅਨੁਪਾਲਣ ਸਟਾਫ਼ ਵਲੋਂ ਨੁਕਤੇ ਅਤੇ ਬਿਹਤਰੀਨ ਅਭਿਆਸਾਂ ਨੂੰ ਸਾਂਝਾ ਕਰਦੀ ਹੈ।



## ਸਾਥੀ ਰਿਟੇਲਰਾਂ ਵਲੋਂ ਨੁਕਤੇ

- ☐ ਆਈਡੀ ਦੀ ਜਾਂਚ ਕਰਨ ਅਤੇ ਤੰਬਾਕੂ ਵਿਕਰੀ ਕਾਨੂੰਨਾਂ ਉੱਤੇ ਨਵੇਂ ਕਰਮਚਾਰੀਆਂ ਨੂੰ ਸਿਖਲਾਈ ਦੇਣ ਲਈ ਸਮਾਂ ਬਿਤਾਓ।
  - ਤੁਸੀਂ ਇੱਕ ਓਰੇਗਨ ਆਈਡੀ ਨੂੰ ਕਿਵੇਂ ਪੜ੍ਹਣਾ ਹੈ ਹੈਂਡਆਉਟ ਦੀ ਵਰਤੋਂ ਕਰ ਸਕਦੇ ਹੋ।
  - ਰਿਟੇਲਰਾਂ ਲਈ ਮੈਨੁਅਲ ਹਰ ਇੱਕ ਤੰਬਾਕੂ ਵਿਕਰੀ ਕਾਨੂੰਨ ਦਾ ਵਰਣਨ ਕਰਦਾ ਹੈ।
- ☐ ਸਿਖਲਾਈ ਨੀਤੀਆਂ ਵਿਕਸਿਤ ਕਰੋ ਅਤੇ *ਤਿਮਾਹੀ ਤੌਰ 'ਤੇ* ਜਾਂ *ਇੱਕ ਸਾਲ ਵਿੱਚ ਦੋ ਵਾਰ* ਇਹਨਾਂ ਨੂੰ ਦੁਬਾਰਾ-ਦੇਖੋ।
- ☐ ਮਿਆਰੀ ਸਿਖਲਾਈ ਸਮੱਗਰੀ ਦੀ ਵਰਤੋਂ ਕਰਨ 'ਤੇ ਵਿਚਾਰ ਕਰੋ ਅਤੇ ਸਟਾਫ਼ ਨੂੰ ਕੰਮ 'ਤੇ ਰੱਖਦੇ ਸਮੇਂ ਅਤੇ ਆਵਰਤੀ ਅਨੁਸੂਚੀ ਅਨੁਸਾਰ ਉਹਨਾਂ ਨਾਲ ਇਸਦੀ ਸਮੀਖਿਆ ਕਰੋ।
  - ਤੁਸੀਂ ਹਰ ਕਰਮਚਾਰੀ ਲਈ ਇੱਕ ਲੌਗ ਰੱਖ ਕੇ ਅਤੇ ਉਹਨਾਂ ਦੀ ਇਸ ਪ੍ਰਤੀ ਸਮਝ ਨੂੰ ਦਿਖਾਉਣ ਲਈ ਉਹਨਾਂ ਤੋਂ ਹਸਤਾਖਰ ਕਰਵਾ ਕੇ ਇਹਨਾਂ ਸਿਖਲਾਈਆਂ ਨੂੰ ਟਰੈਕ ਕਰ ਸਕਦੇ ਹੋ।
  - ਸਿਖਲਾਈ ਸਮੱਗਰੀਆਂ ਲਈ TRL ਪ੍ਰੋਗਰਾਮ ਵੈਬਸਾਈਟ 'ਤੇ ਜਾਓ।



200-926450 (03/2025) Punjabi

- TRL ਵੈੱਬਸਾਈਟ ਵਿੱਚ ਹੇਠ ਲਿਖੀਆਂ ਭਾਸ਼ਾਵਾਂ ਵਿੱਚ ਕਈ ਸਮੱਗਰੀਆਂ ਉਪਲਬਧ ਹਨ: ਅਰਬੀ, ਹਿੰਦੀ, ਕੋਰਿਆਈ, ਪੰਜਾਬੀ, ਰੂਸੀ, ਸਪੈਨਿਸ਼, ਵਿਯਤਨਾਮੀ, ਅਤੇ ਸਰਲੀਕ੍ਰਿਤ ਚੀਨੀ।

- ☐ ਨਿਰੀਖਣਾਂ ਨੂੰ ਪਾਸ ਕਰਨ ਵਾਲੇ ਕਰਮਚਾਰੀਆਂ ਲਈ ਇਨਸੈਂਟਿਵ ਪ੍ਰਦਾਨ ਕਰਾਉਣ 'ਤੇ ਵਿਚਾਰ ਕਰੋ।
- ☐ ਕੁਝ ਰਿਟੇਲਰ ਆਪਣੇ ਸਟਾਫ਼ ਨੂੰ ਅਸਲ ਨਿਰੀਖਣਾਂ ਲਈ ਤਿਆਰ ਕਰਨ ਲਈ ਇੱਕ ਗੁਪਤ ਖਰੀਦਾਰ ਸੇਵਾ ਦੀ ਵਰਤੋਂ ਕਰਦੇ ਹਨ।
- ☐ ਇਹ ਜਾਣ ਲਓ ਕਿ TRL ਨਿਰੀਖਣ ਕਿਸੇ ਵੀ ਕੰਮਕਾਜੀ ਕਾਰੋਬਾਰੀ ਸਮੇਂ 'ਤੇ ਹੋ ਸਕਦੇ ਹਨ - ਇਹ ਵੀਕੈਂਡ ਜਾਂ ਸ਼ਾਮ ਦੇ ਸਮੇਂ ਹੋ ਸਕਦੇ ਹਨ।
- ☐ ਨਿਰੀਖਕ ਅਤੇ ਮੈਨੇਜਰ ਮਿਸਾਲ ਤੈਅ ਕਰ ਸਕਦੇ ਹਨ। ਕੀ ਤੁਸੀਂ ਚਾਹੁੰਦੇ ਹੋ ਕਿ ਸਟਾਫ਼ ਹਰ ਵਾਰ ਆਈਡੀ ਦੀ ਜਾਂਚ ਕਰਨ ਜਾਂ ਉਮਰ ਤਸਦੀਕੀ ਸਕੈਨਰ ਦੀ ਵਰਤੋਂ ਕਰਨ? ਉਹਨਾਂ ਨੂੰ ਇਹ ਦਿਖਾ ਕੇ ਕਿ ਤੁਸੀਂ ਇਹਨਾਂ ਸਰਲ ਅਭਿਆਸਾਂ ਦਾ ਪਾਲਣ ਕਰਦੇ ਹੋ, ਉਹਨਾਂ ਦੀ ਅਗੁਆਈ ਕਰੋ।



## ਪਛਾਣ (ਆਈਡੀ) ਦੀ ਜਾਂਚ ਕਰਨ ਦੇ ਅਭਿਆਸ

ਉਮਰ ਤਸਦੀਕੀ ਸਕੈਨਰ ਦੀ ਵਰਤੋਂ ਕਰਨਾ ਆਈਡੀ ਦੀ ਜਾਂਚ ਕਰਦੇ ਸਮੇਂ ਮਨੁੱਖੀ ਤਰੁੱਟੀ ਨੂੰ ਰੋਕਣ ਦਾ ਇੱਕ ਸਹਾਇਕ ਤਰੀਕਾ ਹੋ ਸਕਦਾ ਹੈ।

*ਅਧਿਐਨ ਦਿਖਾਉਂਦੇ ਹਨ ਕਿ ਆਈਡੀ ਸਕੈਨਰ ਹੋਣ ਵਾਲੇ (ਨਾ ਹੋਣ ਵਾਲਿਆਂ ਦੀ ਤੁਲਨਾ ਵਿੱਚ) ਰਿਟੇਲਰਾਂ ਦੀਆਂ ਰਿਪੋਰਟਾਂ ਅਨੁਪਾਲਣ ਦੀ ਕਾਫੀ ਜ਼ਿਆਦਾ ਸੰਭਾਵਨਾ ਨਾਲ ਸਬੰਧਤ ਸਨ। ਇੱਕ ਅਧਿਐਨ ਵਿੱਚ* ਇਸ ਨੇ ਉਮਰ ਤਸਦੀਕੀ ਪ੍ਰਣਾਲੀ ਦੀ ਵਰਤੋਂ ਕਰਨ ਵਾਲਿਆਂ ਲਈ 71% ਪਾਸ ਦਰ ਦਿਖਾਈ, ਜਦਕਿ ਵਰਤੋਂ ਨਾ ਕਰਨ ਵਾਲਿਆਂ ਲਈ ਪਾਸ ਦਰ 45% ਸੀ।*

- ਆਪਣੀ ਵਿਕਰੀ-ਦੇ-ਸਮੇਂ ਪ੍ਰਣਾਲੀ ਦੀ ਜਾਂਚ ਕਰੋ। ਬਹੁਤ ਸਾਰਿਆਂ ਕੋਲ ਇੱਕ ਅਤਰ-ਨਿਰਮਿਤ ਉਮਰ ਤਸਦੀਕੀ ਵਿਸ਼ੇਸ਼ਤਾ ਹੁੰਦੀ ਹੈ।
- ਇੱਕ ਸਟੋਰ ਅਜਿਹੇ ਕਿਸੇ ਵਿਅਕਤੀ ਦੇ ਆਈਡੀ ਦੀ ਜਾਂਚ ਕਰਨਾ ਚੁਣ ਸਕਦਾ ਹੈ ਜੋ ਤੰਬਾਕੂ ਉਤਪਾਦਾਂ ਜਾਂ ਈ-ਸਿਗਰਟਾਂ ਨੂੰ ਖਰੀਦਣਾ ਚਾਹੁੰਦਾ ਹੈ। ਆਈਡੀ ਨੂੰ ਦੇਖਦੇ ਹੋਏ ਸਮਾਂ ਬਿਤਾਓ- *ਕਾਹਲੀ ਨਾ ਕਰੋ।*
- ਉਤਪਾਦ ਨੂੰ ਚੁੱਕਣ ਅਤੇ ਇਸ ਨੂੰ ਕਾਊਂਟਰ 'ਤੇ ਰੱਖਣ ਤੋਂ ਪਹਿਲਾਂ, ਸਭ ਤੋਂ ਪਹਿਲੇ ਆਈਡੀ ਦੀ ਜਾਂਚ ਕਰੋ।

- ਹਮੇਸ਼ਾ ਆਈਡੀ ਉੱਤੇ ਜਨਮ ਦੀ ਮਿਤੀ ਦਾਖ਼ਲ ਕਰੋ, ਕਦੇ ਵੀ ਕੋਈ ਗ਼ਲਤ ਮਿਤੀ ਦਾਖ਼ਲ ਨਾ ਕਰੋ।
- ਜੇ ਤੁਹਾਨੂੰ ਪੱਕਾ ਨਹੀਂ ਪਤਾ ਹੈ—ਕਿਸੇ ਸਹਿ-ਕਰਮੀ ਜਾਂ ਮੈਨੇਜਰ ਤੋਂ ਮਦਦ ਮੰਗੋ ਜਾਂ ਵਿਕਰੀ ਤੋਂ ਇਨਕਾਰ ਕਰੋ।
- ਆਈਡੀ ਉੱਤੇ ਲਾਲ ਖਾਨੇ ਨੂੰ ਇੱਕ ਗਾਈਡ ਵਜੋਂ ਵਰਤੋਂ।
- ਆਈਡੀ ਦੀ ਜਾਂਚ ਕਰਦੇ ਸਮੇਂ ਗ੍ਰਾਹਕ ਦੇ ਵਿਖਾਲੇ ਜਾਂ ਵਿਵਹਾਰ ਉੱਤੇ ਪੂਰੀ ਤਰ੍ਹਾਂ ਨਿਰਭਰ ਨਾ ਹੋਵੋ।
    - 21 ਸਾਲ ਤੋਂ ਛੋਟੇ ਕੁਝ ਲੋਕ ਬਹੁਤ ਜ਼ਿਆਦਾ ਆਤਮਵਿਸ਼ਵਾਸੀ ਅਤੇ ਆਪਣੇ-ਆਪ ਵਿੱਚ ਪੱਕੇ ਹੋ ਸਕਦੇ ਹਨ।
    - 21 ਸਾਲ ਤੋਂ ਛੋਟੇ ਕੁਝ ਲੋਕਾਂ ਦੀ ਦਾੜ੍ਹੀ, ਮੁੱਛ ਹੋ ਸਕਦੀ ਹੈ, ਜਾਂ ਗੰਜੇ ਹੋ ਸਕਦੇ ਹਨ ਜਾਂ ਸਿਰ ਮੁੰਨ੍ਹਿਆ ਹੋ ਸਕਦਾ ਹੈ।
    - 21 ਸਾਲ ਤੋਂ ਛੋਟੇ ਕੁਝ ਵਿਅਕਤੀ ਬੇਚੈਨ ਦਿੱਖ ਸਕਦੇ ਹਨ, ਹੋ ਸਕਦਾ ਹੈ ਕਿ ਅੱਖਾਂ ਦਾ ਸੰਪਰਕ ਨਾ ਬਣਾਉਣ, ਉਹਨਾਂ ਦੇ ਚਿਹਰੇ ਉੱਤੇ ਵਾਲ ਨਾ ਹੋਣ, ਜਾਂ ਉਹਨਾਂ ਦੇ ਚਿਹਰੇ ਚਿਕਨੇ, ਲਕੀਰਾਂ ਤੋਂ ਬਿਨਾਂ ਹੋਣ।

**21 ਤੋਂ ਘੱਟ ਦੀ ਆਈਡੀ ਦੀ ਜਾਂਚ ਕਿਵੇਂ ਕਰਨੀ ਹੈ**

ਇੱਕ ਓਰੇਗਨ ਡ੍ਰਾਈਵਰ ਲਾਇਸੰਸ ਅਤੇ ਇੱਕ ਓਰੇਗਨ ਆਈਡੀ ਕਾਰਡ ਵਿੱਚ ਉਹ ਮਿਤੀਆਂ ਸ਼ਾਮਲ ਹੁੰਦੀਆਂ ਹਨ ਜਦੋਂ ਵਿਅਕਤੀ ਦੀ ਉਮਰ 18 ਅਤੇ 21 ਸਾਲ ਦੀ ਹੁੰਦੀ ਹੈ। ਮਿਤੀਆਂ ਕਾਰਡ ਦੇ ਸੱਜੇ ਪਾਸੇ ਉੱਤੇ ਲਾਲ ਬਕਸੇ ਦੇ ਅੰਦਰ ਹੁੰਦੀਆਂ ਹਨ




## ਮੈਨੇਜਰਾਂ ਜਾਂ ਮਾਲਕਾਂ ਲਈ ਨੁਕਤੇ

☐ ਜੇ ਉਮਰ ਤਸਦੀਕੀ ਸਿਸਟਮ ਦੀ ਵਰਤੋਂ ਕਰ ਰਹੇ ਹੋ, ਤਾਂ ਓਵਰਰਾਈਡ ਬਟਨ ਨੂੰ ਅਯੋਗ ਬਣਾਓ।

- ਇਹ ਯਕੀਨੀ ਬਣਾਓ ਕਿ ਸਾਰੇ ਉਮਰ ਪਾਬੰਦਤ ਉਤਪਾਦ ਵਿਕਰੀ-ਦੇ-ਸਮੇਂ ਵਾਲੀ ਪ੍ਰਣਾਲੀ ਵਿੱਚ ਹਨ।

☐ ਕੀ ਸਟਾਫ਼ ਨੂੰ ਪਤਾ ਹੈ ਕਿ ਜੇਕਰ ਉਮਰ ਤਸਦੀਕੀ ਪ੍ਰਣਾਲੀ ਕਿਸੇ ਵਿਕਰੀ ਤੋਂ ਇਨਕਾਰ ਕਰੇ ਤਾਂ ਕੀ ਕਰਨਾ ਹੈ? ਜਦੋਂ ਉਮਰ ਤਸਦੀਕੀ ਪ੍ਰਣਾਲੀ ਵਿਕਰੀ ਤੋਂ ਇਨਕਾਰ ਕਰਦੀ ਹੈ ਤਾਂ ਅਨੁਪਾਲਣ ਸਟਾਫ਼ ਨੇ ਪੂਰੇ ਸਟੇਟ ਵਿੱਚ ਵਿਕਰੀ ਕਲਰਕਾਂ ਨੂੰ ਘਬਰਾਏ ਹੋਏ ਦੇਖਿਆ ਹੈ। ਸਟਾਫ਼ ਨੂੰ ਇਸ ਬਾਰੇ ਸਿਖਲਾਈ ਦੇਣ ਲਈ ਸਮਾਂ ਕੱਢੋ ਕਿ ਜੇ ਉਮਰ ਤਸਦੀਕੀ ਪ੍ਰਣਾਲੀ ਵਿਕਰੀ ਤੋਂ ਇਨਕਾਰ ਕਰਦੀ ਹੈ ਤਾਂ ਕਲਰਕ ਨੂੰ ਸਿਸਟਮ ਓਵਰਰਾਈਡ ਨਹੀਂ ਕਰਨਾ ਚਾਹੀਦਾ।

☐ ਉਮਰ ਤੋਂ ਬੇਪਰਵਾਹ ਹਰ ਵਿਅਕਤੀ ਦੇ ਆਈਡੀ ਦੀ ਜਾਂਚ ਕਰਨ 'ਤੇ ਵਿਚਾਰ ਕਰੋ।


- ਕਰਮਚਾਰੀਆਂ ਨੂੰ ਸਿਖਲਾਈ ਦੇਣ ਲਈ ਸਮਾਂ ਕੱਢੋ; ਦੋਹਰਾਈ ਸਿੱਖਿਆ ਨੂੰ ਹੋਰ ਮਜ਼ਬੂਤ ਬਣਾਉਂਦੀ ਹੈ।

***"ਇਹ ਸਭ ਕੰਪਨੀ ਦੇ ਸੱਭਿਆਚਾਰ ਦਾ ਮਿਆਰ ਨੀਵਾਂ ਕਰਦਾ ਹੈ। ਅਸੀਂ ਆਪਣੇ ਕਾਰੋਬਾਰ ਨੂੰ ਨੈਤਿਕਤਾ ਅਤੇ ਜ਼ਿੰਮੇਵਾਰੀ ਨਾਲ ਚਲਾਉਣ ਦੀ ਕੋਸ਼ਿਸ਼ ਕਰਦੇ ਹਾਂ ਅਤੇ ਬੇਸ਼ਕ ਇਹ ਨਹੀਂ ਚਾਹੁੰਦੇ ਹਾਂ ਕਿ ਨੌਜਵਾਨਾਂ ਕੋਲ ਇਸ ਤਕ ਪਹੁੰਚ ਹੋਵੇ।"***

- ***Jonathan Polonsky***
  ***CEO Plaid Pantry***

# ਅਨੁਪਾਲਣ ਨਿਰੀਖਣ ਦੇ ਨੁਕਤੇ

ਓਰੇਗਨ ਤੰਬਾਕੂ ਕਾਨੂੰਨਾਂ ਦਾ ਅਨੁਪਾਲਣ ਕਿਵੇਂ ਕਰਨਾ ਹੈ ਜਾਂਚ-ਸੂਚੀ ਨਿਰੀਖਣਾਂ ਤੋਂ ਪਹਿਲਾਂ ਸਮੀਖਿਆ ਕਰਨ ਲਈ ਇੱਕ ਸ਼ਾਨਦਾਰ ਸਾਧਨ ਹੈ, ਇਸ ਤਰ੍ਹਾਂ ਤੁਸੀਂ ਜਾਣਦੇ ਹੋ ਕਿ ਕਿਸੇ ਨਿਰੀਖਣ ਦੇ ਦੌਰਾਨ ਕੀ ਉਮੀਦ ਕਰਨੀ ਹੈ।



Oregon Health Authority

## How to Comply with Oregon Tobacco Laws

Oregon's tobacco retail license program is a collaboration between Oregon Health Authority (OHA) and the Oregon Department of Revenue (DOR). OHA conducts retailer education and outreach, as well as inspections and enforcement to prevent sales to people under the age of 21 and ensure compliance with tobacco sales laws. DOR issues licenses to retailers, annually renews licenses, collects fees associated with licenses, and issues penalties to retailers selling tobacco without a license.

**To ensure you stay in compliance, here is a list of state and federal tobacco sales laws that OHA and DOR will inspect for:**

- **Securing a tobacco retail license:** An Oregon state tobacco retail license is required to sell tobacco products or inhalant delivery systems (IDS)—also known as "e-cigarettes."
- **Properly displaying retail license:** It is required that the tobacco retail license is displayed in a place visible to customers and employees.
- **Displaying state sign:** It is required to post the State Notice sign that states that it is unlawful to sell tobacco or IDS to customers under 21.
- **Not selling to people under 21:** It is prohibited to sell tobacco products to people under the age of 21.

- ਇਹ ਯਕੀਨੀ ਬਣਾਉਣ ਲਈ ਆਪਣੇ ਰਿਟੇਲ ਸਟੋਰ ਦੀ ਜਾਂਚ ਕਰੋ ਕਿ ਤੰਬਾਕੂ ਅਤੇ ਨਿਕੋਟੀਨ ਉਤਪਾਦ **ਕਾਊਂਟਰ ਦੇ ਪਿੱਛੇ ਹਨ ਜਾਂ ਸਿਰਫ਼ ਅਜਿਹੇ ਖੇਤਰਾਂ ਵਿੱਚ ਹਨ ਜਿੱਥੇ ਕਰਮਚਾਰੀ ਇਹਨਾਂ ਤਕ ਪਹੁੰਚ ਸਕਦੇ ਹਨ**, ਜੇਕਰ ਗ੍ਰਾਹਕ ਸਿਰਫ਼ 21 ਸਾਲ ਅਤੇ ਇਸ ਤੋਂ ਵੱਡਾ ਨਹੀਂ ਹੁੰਦਾ ਹੈ।
- ਨਿਰੀਖਕ ਇਨਹੇਲੇਂਟ ਡਿਲੀਵਰੀ ਸਿਸਟਮ (IDS), ਜਿਹਨਾਂ ਨੂੰ ਵੇਪਸ ਜਾਂ ਈ-ਸਿਗਰਟਾਂ ਵਜੋਂ ਵੀ ਜਾਣਿਆ ਜਾਂਦਾ ਹੈ, ਬੱਚਿਆਂ ਲਈ ਪ੍ਰਤੀਰੋਧੀ ਪੈਕੇਜਿੰਗ **ਅਨੁਰੂਪਤਾ ਦੇ ਸਰਟੀਫਿਕੇਟਾਂ** ਦੀ ਤਲਾਸ਼ ਕਰ ਰਹੇ ਹੋਣਗੇ। ਇੱਥੇ ਕਲਿੱਕ ਕਰਕੇ ਹੋਰ ਜਾਣੋ।
  - ਇਹਨਾਂ ਨੂੰ ਇੱਕ ਬਾਇੰਡਰ ਜਾਂ ਅਜਿਹੇ ਸਥਾਨ ਵਿੱਚ ਰੱਖੋ ਜੋ ਕਿਸੇ ਵੀ ਸਟਾਫ਼ ਸਦੱਸ ਲਈ ਲੱਭਣਾ ਸੌਖਾ ਹੋਵੇ।
  - ਇੱਕ ਅਨੁਸੂਚੀ ਉੱਤੇ ਜਾਂ ਹਰ ਨਵੇਂ ਸ਼ਿੱਪਮੈਂਟ ਦੇ ਨਾਲ ਇਹਨਾਂ ਦੀ ਸਮੀਖਿਆ ਇਹ ਯਕੀਨੀ ਬਣਾਉਣ ਲਈ ਕਰੋ ਕਿ ਤੁਹਾਡੇ ਕੋਲ ਅਜਿਹੀ ਹਰ ਇੱਕ ਆਈਟਮ ਲਈ ਅਨੁਰੂਪਤਾ ਦੇ ਸਰਟੀਫਿਕੇਟ ਹਨ ਜਿਸ ਲਈ ਇਸਦੀ ਲੋੜ ਹੁੰਦੀ ਹੈ।



200-926450 (03/2025) Punjabi

## ਆਮ ਸਮੱਸਿਆਵਾਂ

- ਅਜਿਹੇ ਕਿਸੇ ਵਿਅਕਤੀ ਤੋਂ ਆਈਡੀ ਨਾ ਮੰਗਣਾ ਜੋ 30 ਸਾਲ ਤੋਂ ਛੋਟਾ ਦਿਖਾਈ ਦਿੰਦਾ ਹੈ – ਜੇ ਤੁਹਾਨੂੰ ਪੱਕਾ ਨਹੀਂ ਪਤਾ ਹੈ ਤਾਂ ਹਰ ਵਾਰ ਆਈਡੀ ਮੰਗੋ।
- ਸਕੈਨਰ ਸਮੱਸਿਆ – ਜੇ ਸਕੈਨਰ ਵਰਤਿਆ ਜਾਂਦਾ ਹੈ ਅਤੇ ਇਹ ਵਿਕਰੀ ਲਈ ਇਨਕਾਰ ਕਰਦਾ ਹੈ, ਤਾਂ ਰੁਕੋ, ਅਤੇ ਵਾਕਈ ਦੇਖੋ ਕਿ ਕੀ ਹੋ ਰਿਹਾ ਹੈ। ਆਈਡੀ ਲਈ ਇਨਕਾਰ ਕਿਉਂ ਕੀਤਾ ਗਿਆ ਸੀ?
- ਆਈਡੀ ਮੰਗਣਾ ਪਰ ਉਮਰ ਦੀ ਜਾਂਚ ਨਾ ਕਰਨਾ ਜਾਂ ਉਮਰ ਦਾ ਗ਼ਲਤ ਹਿਸਾਬ ਲਗਾਉਣਾ।
- ਅਜਿਹਾ ਆਈਡੀ ਸਵੀਕਾਰ ਕਰਨਾ ਜੋ ਸਰਕਾਰ ਦੁਆਰਾ ਜਾਰੀ ਕੀਤਾ ਫ਼ੋਟੋ ਆਈਡੀ ਨਹੀਂ ਹੈ।
- ਗ਼ਲਤ ਜਨਮ ਮਿਤੀ ਦਰਜ ਕਰਕੇ ਜਾਂ ਤੁਹਾਡੇ ਨਿੱਜੀ ਆਈਡੀ ਦੀ ਵਰਤੋਂ ਕਰਕੇ ਅਜਿਹੇ ਵਿਅਕਤੀ ਲਈ ਕੰਪਿਊਟਰੀਕ੍ਰਿਤ ਪ੍ਰਣਾਲੀ ਨੂੰ ਓਵਰਰਾਈਡ ਕਰਨਾ ਜੋ 30 ਸਾਲ ਤੋਂ ਛੋਟਾ ਦਿਖਾਈ ਦਿੰਦਾ ਹੈ।
- ਸਿਖਲਾਈ ਨਾ ਦਿੱਤੇ ਗਏ ਕਰਮਚਾਰੀਆਂ ਨੂੰ ਤੰਬਾਕੂ ਉਤਪਾਦ ਵੇਚਣ ਦੀ ਇਜਾਜ਼ਤ ਦੇਣਾ।

## ਸਾਡੇ ਨਾਲ ਸੰਪਰਕ ਕਰੋ

ਕੀ ਤੁਹਾਡੇ ਕੋਲ ਵਾਧੂ ਸਵਾਲ ਹਨ, ਜਾਂ ਕੀ ਤੁਹਾਡੇ ਕੋਲ ਇਸ ਦਸਤਾਵੇਜ਼ ਵਿੱਚ ਸ਼ਾਮਲ ਕਰਨ ਲਈ ਸੁਝਾਅ ਹਨ?

ਸਾਡੇ ਨਾਲ Tobacco.inspections@odhsoha.oregon.gov 'ਤੇ ਜਾਂ 971-673-2283 'ਤੇ ਸੰਪਰਕ ਕਰੋ।

ਇਹ ਇੱਕ ਮਾਰਗਦਰਸ਼ਕ ਦਸਤਾਵੇਜ਼ ਹੈ ਜਿਸਦਾ ਇਰਾਦਾ ਓਰੇਗਨ ਤੰਬਾਕੂ ਰਿਟੇਲਰਾਂ ਲਈ ਲਾਭਕਾਰੀ ਜਾਣਕਾਰੀ ਅਤੇ ਨੁਕਤੇ ਪ੍ਰਦਾਨ ਕਰਨਾ ਹੈ। ਇਸ ਦਸਤਾਵੇਜ਼ ਵਿੱਚ ਨਿਰਦੇਸ਼ਨ ਦਾ ਪਾਲਣ ਕਰਨਾ ਇੱਕ ਸੁਤੰਤਰ ਕਾਰੋਬਾਰੀ ਫੈਸਲਾ ਹੈ ਅਤੇ ਇਹ ਸਟੇਟ ਅਤੇ ਸੰਘੀ ਤੰਬਾਕੂ ਵਿਕਰੀ ਕਾਨੂੰਨਾਂ ਦੇ ਅਨੁਪਾਲਣ ਨੂੰ ਯਕੀਨੀ ਨਹੀਂ ਬਣਾਉਂਦਾ ਹੈ।

ਸੰਦਰਭ: **Roberts et al. 2021. SNRT. Beyond Strong Enforcement: Understanding the factors Related to Compliance With Tobacco 21.*

ਤੁਸੀਂ ਇਹ ਦਸਤਾਵੇਜ਼ ਹੋਰਨਾਂ ਭਾਸ਼ਾਵਾਂ, ਵੱਡੇ ਪ੍ਰਿੰਟ, ਬ੍ਰੇਲ ਲਿਪੀ ਜਾਂ ਆਪਣੀ ਪਸੰਦ ਦੇ ਰੂਪ ਵਿੱਚ ਮੁਫ਼ਤ ਵਿੱਚ ਪ੍ਰਾਪਤ ਕਰ ਸਕਦੇ ਹੋ।

ਤੰਬਾਕੂ ਰਿਟੇਲ ਲਾਇਸੈਂਸ ਪ੍ਰੋਗਰਾਮ ਨੂੰ Tobacco.Inspections@odhsoha.oregon.gov ਜਾਂ 971-673-2283 'ਤੇ ਸੰਪਰਕ ਕਰੋ। ਅਸੀਂ ਸਾਰੀਆਂ ਦੂਰ-ਸੰਚਾਰ ਕਾਲਾਂ ਸਵੀਕਾਰ ਕਰਦੇ ਹਾਂ।


ਪਬਲਿਕ ਹੈਲਥ ਡਿਵੀਜ਼ਨ

ਤੰਬਾਕੂ ਰਿਟੇਲ ਲਾਇਸੈਂਸ ਪ੍ਰੋਗਰਾਮ

800 NE Oregon St., Ste 850
Portland, OR. 97232
971-673-2283
Tobacco.Inspections@odhsoha.oregon.gov
www.healthoregon.org/tobaccoretailsales





200-926450 (03/2025) Punjabi